ਇਸ "ਕ੍ਰਾਂਤੀ ਕਾਰੀ ਰਹਿਬਰ ਗੁਰੂ ਨਾਨਕ ਸਾਹਿਬ" ਦੇ ਨਾਮ ਨਾਲ ਛਪੀ ਪੁਸਤਕ ਵਿਚੋਂ ਸਾਰ-ਰਸ,

ਕੋਈ ਮੰਨੈ ਯਾ ਨਾ ਮੰਨੈ, ਪਰ ਇਹ ਕੜਵੀ ਸਚਾਈ ਹੈ ਕਿ ਪੁਜਾਰੀ ਸਰੈਣੀ ਵਲੋਂ ਕੱਚੇ ਤਾਘੇ (ਜਨੇਊ) ਦੀ ਝੂਠੀ ਰਸਮ ਹਿੰਦੀਆਂ ਨੂੰ ਹਨੇਰੇ ਵਿਚ ਰੱਖਣ ਤੇ ਧਾਰਮਿਕ ਗੁਲਾਮੀ ਦਾ ਇਕ ਵੱਡਾ ਕਾਰਣ ਸੀ। ਗੁਰੂ ਨਾਨਕ ਸਾਹਿਬ ਨੇ 11 ਸਾਲ ਦੀ ਉਮਰ ਵਿਚ ਸਦੀਆਂ ਪੁਰਾਣੀ ਇਸ ਅਰਥ-ਹੀਣ ਰਸਮ ਨੂੰ ਨਾ ਅਪਨਾਉਣ ਦਾ ਜੋ ਇਨਕਲਾਬੀ ਕਦਮ ਪੁਟਿਆ, ਵਾਸਤਵ ਵਿਚ ਇਹ ਕੌਤਕ ਕ੍ਰਾਂਤੀ-ਕਾਰੀ ਮਿਸ਼ਨ ਦਾ ਮੀਲ ਪੱਥਰ ਰੱਖਣਾ ਸੀ। ਗੁਰਮਤ ਦੇ ਪ੍ਰਚਾਰ ਲਈ ਗੁਰੂ ਨਾਨਕ ਸਾਹਿਬ ਦੀਆਂ 4 ਫੇਰੀਆਂ ਚੋਂ ਇਸ ਲੇਖਣੀ ਵਿਚ ਖਾਸ ਕਰਕੇ 2 ਫੇਰੀਆਂ ਦਾ ਜਿਕਰ ਹੈ। ਇਸ ਪੁਸਤਕ ਵਿਚੋਂ ਮੱਕੇ ਮਦੀਨੇ ਦੇ ਮੁਲਾਂ ਕਾਜੀਆਂ ਅਤੇ ਬਗਦਾਦ ਦੇ ਇਮਾਮਾਂ ਨਾਲ ਗਿਆਨ ਗੋਸਟੀ ਨੂੰ ਇਕ ਅਲਗ ਪੁਸਤਕ ਵਿਚ ਛਾਪਿਆ ਗਿਆ ਹੈ।

ਅਜ ਤੋਂ ਲੱਗ ਭੱਗ 538 ਸੌ ਸਾਲ ਪਹਿਲਾਂ ਹਿੰਦੂ ਸੰਪ੍ਰਦਾਇ ਦੇ ਆਗੂਆਂ ਸਮੇਤ, ਜਦ ਵੱਖ ਵੱਖ ਦੇਸਾਂ ਤੋਂ ਵੱਖ ਵੱਖ ਕਬੀਲਿਆਂ ਤੇ ਫਿਰਕਿਆਂ ਤੋਂ ਭਾਰਤ ਵਿਚ ਆਏ ਵਿਦੇਸ਼ੀ ਹਮਲਾਵਰ ਲੁਟੇਰੇ ਜੋ ਆਪਣੇ ਆਪਣੇ ਧਰਮ ਦੀਆਂ ਵੱਖ ਵੱਖ ਮਨੌਤਾਂ ਵਿਚ ਖੈਬੜ ਰਹੇ ਸਨ, ਧਰਮਾ ਦੀ ਐਸੀ ਖਿਚੋਤਾਣ ਵਿਚ ਸੱਚ ਦੀ ਗਲ ਕਹਿਣਾ ਕੋਈ ਐਨੀ ਸੌਖੀ ਗਲ ਨਹੀ? ਅਜ ਇਨਕਲਾਬ ਦੀ ਗਲ ਕਰਨਾ, ਕ੍ਰਾਂਤੀ-ਕਾਰੀ ਸੁਝਾਓ ਦੇਣਾ ਕੋਈ ਬੜੀ ਗਲ ਨਹੀਂ ਲਗਦੀ, ਪਰ ਜਦ ਤਾਕਤ ਦੇ ਨਸ਼ੇ ਵਿਚ ਅੰਨੀ ਜਾਲਮ ਹਕੂਮਤ ਅਨਿਆਕਾਰੀ ਤੇ ਅਤਿਆਚਾਰੀ ਹੋਵੇ, ਕਟੱੜ ਪੰਥੀ ਧਾਰਮਿਕ ਆਗੂ ਵੀ ਆਪਣੇ ਆਪ ਨੂੰ ਫਰੀਸ਼ਤੇ ਸਮਝਦੇ ਹੋਣ, ਐਸੀ ਹਾਲਤ ਵਿਚ ਮਸਜਿਦ ਵਿਚ ਜਾਕੇ ਉਨਾਂ ਨੂੰ ਭੱਟਕੇ ਹੋਏ ਕਹਿ ਦੇਣਾ, ਪੰਡਤ ਬ੍ਰਾਹਮਣਾ ਦੇ ਝੁੰਡ ਵਿਚ ਜਾਕੇ ਉਨਾਂ ਦੀ ਮਨੌਤ ਦੇ ਉਲਟ ਕੰਮ ਕਰਨੇ, ਧਰਮ ਦੇ ਅਗਿਆਨੀ ਮੁੱਖੀਆਂ ਨੂੰ ਅੰਧੇ ਆਗੂ ਕਹਿ ਦੇਣਾ, ਕਿਸੇ ਧਰਮ ਦੇ ਸਿਖਿਆਂ ਕੇਂਦਰ ਵਿਚ ਜਾਕੇ ਉਨਾਂ ਦੀ ਸਿਖਿਆ ਦੇ ਉਲਟ ਕੰਮ ਕਰਨਾ, ਉਸ ਵਕਤ ਦੇ ਸਭ ਤੋਂ ਵੱਡੇ ਇਸਲਾਮ ਮੱਤ ਦੇ ਧਰਮ ਅਸਥਾਨ ਤੇ ਜਾਕੇ ਉਨਾਂ ਦੇ ਰੱਬ ਵੱਲ ਪੈਰ ਕਰਕੇ ਲੇਟ ਜਾਣਾ, ਕਿਸੇ ਬੇ-ਰਹਿਮ ਤਾਕਤ-ਵਰ ਨਿਰਦਈ ਹਾਕਮ ਦੀਆਂ ਅਖਾਂ ਵਿਚ ਅਖਾਂ ਪਾਕੇ ਉਸ ਨੂੰ ਜ਼ਾਬਰ ਕਹਿ ਦੇਣਾ ਕੋਈ ਐਨੀ ਸੌਖੀ ਗਲ ਨਹੀਂ ਸੀ, ਆ ਬੈਲ ਮੁਝੇ ਮਾਰ ਵਾਲੀ ਗਲ ਹੈ। ਇਹ ਸਾਰੇ ਇਨਕਲਾਬੀ ਕਦਮ ਕ੍ਰਾਂਤੀ-ਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਨੇ ਉਠਾਏ, ਪਰ ਇਹ ਬੜੇ ਦੁਖ ਤੇ ਹੈਰਾਨੀ ਦੀ ਗਲ ਹੈ ਕਿ ਅਜ ਸਿੱਖ ਕੌਮ ਇਨਕਲਾਬੀ ਸੋਚ ਗਵਾ ਬੈਠੀ ਹੈ। ਜਿਸ ਦਾ ਵੱਡਾ ਕਾਰਣ ਪਰਉਪਕਾਰੀ ਗੁਰੂਆਂ ਦੇ ਇਤਿਹਾਸ ਦਾ ਵੱਡਾ ਹਿੱਸਾ ਮਨਮਤ ਨਾਲ ਭਰਿਆ ਹੋਇਆ ਹੈ।

ਨਵ ਯੁਗ ਚੇਤਨਾ ਸਮਾਜ

**Web Site : NavYugChetnaSamaj.com**
**Email Address: JsKotli@NavYugChetnaSamaj.com**
**Address: 1718/4 Gobind Puri Extn. Kalka Ji, New Delhi - 110019**
**Phone: Delhi – 011 - 26023561**